# ਫੇਲ ਹੋ ਰਹੇ ਸਿੱਖ ਮਿਸ਼ਨ

ਸਰਦਾਰ ਕਰਤਾਰ ਸਿੰਘ, ਅਲੀਗੜ੍ਹ*

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾ ਸੰਸਾਰ ਦੀ ਹਾਲਤ ਬਹੁਤ ਖਰਾਬ ਸੀ। ਹਰ ਪਾਸੇ ਕੂੜ ਦਾ ਪਸਾਰਾ ਸੀ। ਜ਼ੋਰ ਜੁਲਮ ਅਤੇ ਅੱਤਿਆਚਾਰ ਦਾ ਬੋਲਬਾਲਾ ਸੀ, ਸਮਾਜਿਕ,ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਗਿਰਾਵਟ ਆਮ ਦੇਖਣ ਵਿੱਚ ਮਿਲਦੀ ਸੀ। ਰਾਜੇ ਅਤਿਆਚਾਰੀ ਹੋ ਗਏ ਅਤੇ ਧਾਰਮਿਕ ਆਗੂ ਭ੍ਰਿਸ਼ਟੇ ਗਏ ਸਨ। ਜੋ ਹਾਲਤ ਸਮਾਜ ਦੀ ਹੋ ਗਈ ਸੀ ਉਸ ਦਾ ਜ਼ਿਕਰ ਸਤਿਗੁਰ ਪਾਤਸ਼ਾਹ ਨੇ ਆਪਣੀ ਬਾਣੀ ਵਿੱਚ ਕੁਝ ਇਸ ਤਰ੍ਹਾਂ ਕੀਤਾ ਹੈ :

ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ ॥
ਕੂੜ ਅਮਾਵਸ ਸੱਚ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

(ਸਲੋਕ ਮਹਲਾ ੧ ਵਾਰ ਮਾਝ ਕੀ ਪੰਨਾ ੧੪੫)

ਅਤੇ ਇਸ ਦੀ ਇਕ ਹੋਰ ਸਾਫ ਤਸਵੀਰ ਭਾਈ ਗੁਰਦਾਸ ਜੀ ਨੇ ਪੇਸ਼ ਕੀਤੀ ਹੈ :

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ ॥
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ ॥
ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖੋਂ ਅਲਾਈ ॥
ਚੇਲੇ ਸਾਜ ਵਜਾਇੰਦੇ ਨਚਨ ਗੁਰੂ ਬਹੁਤ-ਬਿਧ ਭਾਈ ॥
ਸੇਵਕ ਬੈਠਨ ਘਰਾਂ ਵਿੱਚ ਗੁਰੂ ਉਠ ਘਰੀ ਤਿਨਾੜੇ ਜਾਈ ॥
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹੱਕ ਗਵਾਈ ॥
ਇਸਤ੍ਰੀ ਪੁਰਖੈ ਦਾਮ ਹਿਤੁ, ਭਾਵੈ ਆਇ ਕਿਥਾਊ ਜਾਈ ॥
ਵਰਤਿਆ ਪਾਪ ਸਭਸ ਜਗ ਮਾਂਹੀ ॥

(ਵਾਰ ੧, ਪਾਉੜੀ ੩੦)

ਜਦੋਂ ਮਹਾਰਾਜ ਨੇ ਸਮਾਜ ਦੀ ਇਹ ਹਾਲਤ ਦੇਖੀ ਤਾਂ ਉਹਨਾਂ ਦਾ ਮਨ ਬਹੁਤ ਦੁਖੀ ਹੋਇਆ ਅਤੇ ਲੋਕਾਈ ਨੂੰ ਸੋਧਣ ਹਿੱਤ ਘਰੋਂ ਤੁਰ ਪਏ, ਚਾਰ ਉਦਾਸੀਆਂ ਕੀਤੀਆਂ ਦੇਸ ਵਿਦੇਸਾਂ ਵਿੱਚ ਗਏ ਅਤੇ ਨਿਰਮਲ ਪੰਥ ਦੀ ਸਥਾਪਨਾ ਕੀਤੀ। ਇਸ ਪ੍ਰਥਾਇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ ॥
ਚੜਿਆ ਸੋਧਣਿ ਧਰਤਿ ਲੁਕਾਈ

(ਵਾਰ ੧, ਪਉੜੀ ੨੪ ਭਾਈ ਗੁਰਦਾਸ ਜੀ)

ਸਤਿਗੁਰੂ ਜੀ ਨੇ ਭਟਕੇ ਲੋਕਾਂ ਨੂੰ ਸੱਚ ਦੇ ਰਾਹ ਤੇ ਚੱਲਣ ਲਈ ਆਖਿਆ ਅਤੇ ਸਰਬੱਤ ਦੇ ਭਲੇ ਖਾਤਰ ਸੰਸਾਰ ਦੀ ਯਾਤਰਾ ਕੀਤੀ ਅਤੇ ਨਾਨਕ ਨਿਰਮਲ ਪੰਥ ਦਾ ਸਾਰੇ ਸੰਸਾਰ ਵਿੱਚ ਪ੍ਰਚਾਰ ਕੀਤਾ। ਜੋ ਜਨਤਾ,

* ਪਿੰਡ ਸ਼ਾਹਜਹਾਂਬਾਦ, ਡਾਕਘਰ ਬੁਢਾਗਾਂਵ, ਜਿਲਾ ਅਲੀਗੜ੍ਹ (ਯੂ ਪੀ)

ਜ਼ੁਲਮ, ਜਿਆਦਤੀ, ਅੱਤਿਆਚਾਰ, ਕਰਮ ਕਾਂਡਾ, ਵਹਿਮਾਂ ਭਰਮਾਂ ਅਤੇ ਪਖੰਡਾਂ ਸਮਾਜਿਕ ਅਸਮਾਨਤਾ ਉਚ-ਨੀਚ, ਜਾਤ-ਪਾਤ ਤੋਂ ਦੁਖੀ ਸੀ ਉਨ੍ਹਾਂ ਨੂੰ ਸਤਗੁਰੂ ਜੀ ਦੇ ਵਚਨ ਸੰਜੀਵਨੀ ਵਾਂਗੂ ਅੰਮ੍ਰਿਤ ਸਾਬਤ ਹੋਏ ਅਤੇ ਉਹ ਜ਼ੋਰ ਜ਼ੁਲਮ ਨਾਲ ਲੜਨ ਲਈ ਸਤਿਗੁਰੂ ਜੀ ਦੇ ਸਿੱਖ ਬਣ ਗਏ। ਇਹ ਇੱਕ ਸਮਾਜਿਕ, ਰਾਜਨੈਤਿਕ ਅਤੇ ਧਾਰਮਿਕ ਕ੍ਰਾਂਤੀ ਸੀ, ਜਿਸ ਨੂੰ ਪੰਜਾਬ ਦੇ ਨਾਲ ਨਾਲ ਦੂਸਰੇ ਦੇਸਾਂ ਵਿੱਚ ਵੀ ਪ੍ਰਚਾਰਿਆ। ਸੰਸਾਰ ਦੇ ਕਈ ਇਲਾਕੇ ਅੱਜ ਵੀ ਜ਼ੁਲਮ-ਜਿਆਦਤੀ, ਨਾ-ਬਰਾਬਰੀ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਦੀ ਅੱਗ ਵਿੱਚ ਸੱੜ ਰਹੇ ਹਨ। ਉਹ ਲੋਕਾਂ ਨੂੰ ਸਤਿਗੁਰੂ ਦੀ ਬਾਣੀ ਉਪਦੇਸ ਦੀ ਲੋੜ ਹੈ ਜੋ ਉਹਨਾਂ ਦੀ ਇਸ ਮੱਚਦੀ ਅੱਗ ਨੂੰ ਠਾਰ ਸਕਦੀ ਹੈ। ਲੋੜ ਹੈ ਗੁਰੂ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਣ ਦੀ। ਗੁਰੂ ਨਾਨਕ ਦੇ ਨਿਰਮਲ ਪੰਥ ਦਾ ਕਾਰਜ ਗੁਰੂਆਂ ਦੀ ਦਸਾਂ ਜੋਤਾਂ ਤੋਂ ਬਾਦ ਪੁਰਾਤਨ ਸਿੱਖ ਸੰਸਥਾਵਾਂ ਕਰਦੀਆ ਰਹੀਆਂ ਹਨ। ਗੁਰਦੁਆਰਿਆਂ ਵਿੱਚ ਬੇਠੇ ਸਾਧਾਂ ਸੰਤਾਂ ਨੇ ਵੀ ਕੁਝ ਧਰਮ ਪ੍ਰਚਾਰ ਕੀਤਾ ਅਤੇ ਹੁਣ ਉਹ ਵੀ ਸਵਾਰਥੀ ਹੋ ਗਏ ਅਤੇ ਗੁਰੂ ਦੇ ਧਨ ਦੀ ਦੁਰਵਰਤੋਂ ਕਰਨ ਲਗ ਪਏ।

ਅੱਜ ਦੇ ਯੁਗ ਵਿੱਚ ਇਹ ਕਾਰਜ ਕਰਨ ਹਿਤ ਸਿੱਖਾਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਕੀਤੀ ਜਿਸ ਦਾ ਮਕਸਦ ਜਿਥੇ ਇਤਿਹਾਸਕ ਗੁਰਦੁਆਰਿਆਂ ਦੀ ਸਾਂਭ ਸੰਭਾਲ ਸੀ ਉਥੇ ਹੀ ਨਾਨਕ ਨਿਰਮਲ ਪੰਥ ਦੇ ਮਿਸ਼ਨ ਨੂੰ ਅੱਗੇ ਵਧਾਉਣ ਹਿੱਤ ਪ੍ਰਚਾਰ ਕੇਂਦਰ ਕਾਇਮ ਕਰਨੇ ਸੀ। ਇਹ ਸੰਸਥਾ ਵੀ ਕੁਝ ਚਿਰ ਬੜੇ ਜੋਰਾਂ ਨਾਲ ਕੰਮ ਕਰਦੀ ਰਹੀ। ਪਿਛਲੇ ਕੁਝ ਸਾਲਾਂ ਤੋਂ ਸਾਡੇ ਧਾਰਮਿਕ ਆਗੂਆਂ ਦੀ ਰਾਜਨੀਤਕ ਇੱਛਾ ਸ਼ਕਤੀ ਕਾਰਨ ਅਤੇ ਹੋਰ ਸਵਾਰਥਾਂ ਕਰਕੇ ਇਹ ਸੰਸਥਾਵਾ ਆਪਣੇ ਆਸ਼ੇ ਨੂੰ ਪੂਰਾ ਕਰਨ ਵਿੱਚ ਨਾ-ਕਾਮਯਾਬ ਹੋ ਰਹੀ ਹੈ। ਮੈਂ ਇਕ ਏਹੋ ਜਿਹੀ ਸੰਸਥਾਂ ਦਾ ਜ਼ਿਕਰ ਛੋਟੇ ਜਿਹੇ ਰੂਪ ਵਿੱਚ ਆਪਜੀ ਦੇ ਸਨਮੁੱਖ ਪੇਸ਼ ਕਰਦਾ ਹਾਂ।

ਜਦੋਂ ਪੰਜਾਬ ਤੋਂ ਬਾਹਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਧਰਮ ਪ੍ਰਚਾਰ ਦਾ ਦਾਇਰਾ ਵਧਾਇਆ ਉਦੋਂ ਕਈ ਦੂਜੇ ਰਾਜਾਂ ਵਿੱਚ ਸਿੱਖ ਮਿਸ਼ਨ ਕਾਇਮ ਕੀਤੇ ਗਏ। ਜਿਨ੍ਹਾਂ ਵਿੱਚ ਮੁੱਖ ਤੌਰ ਤੇ ਹਰਿਆਣਾ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਾਹਰਾਸ਼ਟਰ ਆਦਿ ਸਨ। ਸਨ 1935-36 ਵਿੱਚ ਯੂ ਪੀ ਸਿੱਖ ਮਿਸ਼ਨ ਕਾਇਮ ਹੋਇਆ। ਜਿਸ ਨੇ ਸ਼ੁਰੂ ਵਿੱਚ ਬੜੀ ਮਿਹਨਤ ਨਾਲ ਸਿੱਖ ਲਹਿਰ ਚਲਾਈ। ਇਸ ਦੇ ਨਤੀਜੇ ਵਜੋਂ ਅਲੀਗੜ੍ਹ, ਬੁਲੰਦ ਸ਼ਹਿਰ, ਏਟਾ, ਬਦਾਯੂੰ, ਇਟਾਵਾ, ਮੈਨਪੁਰੀ, ਮਥੁਰਾ, ਆਗਰਾ ਆਦਿ ਜਿਲਿਆਂ ਵਿੱਚ ਬੜਾ ਪ੍ਰਚਾਰ ਹੋਇਆ ਅਤੇ ਕਾਫੀ ਤਾਦਾਦ ਵਿੱਚ ਲੱਖਾ ਲੋਕਾਂ ਨੇ ਨਵੇਂ ਸਿਰਿਉਂ ਸਿੱਖ ਧਰਮ ਕਾਬੂਲ ਕੀਤਾ।

ਸਨ 1941 ਵਿੱਚ ਅਲੀਗੜ੍ਹ ਵਿੱਚ ਇਕ ਬਹੁਤ ਭਾਰੀ ਸਿੱਖ ਕਾਨਫਰੰਸ ਹੋਈ ਜਿਸ ਵਿੱਚ ਲੱਗਭਗ ਇਕ ਲੱਖ ਬੰਦਿਆਂ ਨੇ ਇਕੋਂ ਸਮੇਂ ਅੰਮ੍ਰਿਤ ਪਾਨ ਕੀਤਾ ਸੀ। ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ 1699 ਦੀ ਵਿਸਾਖੀ ਦੇ ਇਕੱਠ ਤੋਂ ਬਾਅਦ ਦਾ ਸਭ ਤੋਂ ਵੱਡਾ ਅੰਮ੍ਰਿਤ ਪ੍ਰਚਾਰ ਸੀ। ਇਹਨਾਂ ਸਿੱਖਾਂ ਦੀ ਸਾਂਭ ਸੰਭਾਲ ਅਤੇ ਸਿੱਖੀ ਨੂੰ ਪਰਪੱਕ ਕਰਨ ਲਈ ਸਿੱਖ ਮਿਸ਼ਨ ਵਿੱਚ 35-40 ਪ੍ਰਚਾਰਕ ਰਾਗੀ ਗਿਆਨੀ ਰੱਖੇ ਗਏ। ਜੋ ਬੜੀ ਮਿਹਨਤ ਨਾਲ ਪਿੰਡਾਂ ਪਿੰਡਾਂ ਵਿੱਚ ਜਾਕੇ ਪ੍ਰਚਾਰ ਕਰਦੇ ਅਤੇ ਗੁਰਮਤ ਨੂੰ ਦ੍ਰਿੜ੍ਹ ਕਰਾਉਂਦੇ ਸਨ। ਕਈ ਪਿੰਡਾਂ ਵਿੱਚ ਨਵੇਂ ਗੁਰਦੁਵਾਰੇ ਸਥਾਪਤ ਹੋਏ ਸਨ ਜੋ ਕਿ ਪ੍ਰਚਾਰ ਦੇ ਕੇਂਦਰ ਮੰਨੇ ਜਾਂਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹਨਾਂ ਸਿੱਖਾ ਦੀ ਅਗਵਾਈ ਵਾਸਤੇ ਯੂ ਪੀ ਤੋਂ ਇਕ ਮੈਂਬਰ ਵੀ ਨਾਮਜ਼ਦ ਕਰਦੀ ਰਹੀ ਹੈ।

ਲੇਕਿਨ ਪਿਛਲੇ ਕੁਝ ਸਾਲਾਂ ਤੋਂ ਇਹਨਾਂ ਸਿੱਖ ਮਿਸ਼ਨਾ ਦੀ ਹਾਲਤ ਖਰਾਬ ਹੁੰਦੀ ਜਾ ਰਹੀ ਹੈ। ਅਲੀਗੜ੍ਹ ਵਿੱਚ ਮਿਸ਼ਨ ਦੀ ਇਮਾਰਤ ਤੇ ਹੈ ਪਰ ਪ੍ਰਚਾਰਕ ਨਾਮਾਤਰ ਦੇ ਇਕ ਦੋ ਹਨ। ਇੱਕ ਰਾਗੀ ਜਥਾ ਅਤੇ ਇਕ ਅਨਟਰੇਂਡ ਕਲਰਕ ਰੱਖਿਆ ਹੋਇਆ ਹੈ। ਧਰਮ ਪ੍ਰਚਾਰ ਦੀ ਦਿਨੋਂ ਦਿਨੋਂ ਵਿਗੜਦੀ ਹਾਲਤ ਦੇਖ ਕੇ

ਇਲਾਕੇ ਦੇ ਕੁਝ ਸੂਝਵਾਨ ਲੋਕਾਂ ਪਿਛਲੇ ਕਾਫੀ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਇਹ ਮੰਗ ਕਰਦੇ ਰਹੇ ਹਨ ਕਿ ਅਲੀਗੜ੍ਹ ਮਿਸ਼ਨ ਨੂੰ ਮੁੜ ਸੁਰਜੀਤ ਕੀਤਾ ਜਾਵੇ ਅਤੇ ਉਥੇ ਹੋਰ ਪ੍ਰਚਾਰਕ, ਰਾਗੀ, ਗੁਣੀ ਗਿਆਨੀ ਰੱਖੇ ਜਾਣ। ਤਾਂ ਜੋ ਇਸ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕੇ।

ਪਿਛਲੇ ਲੱਗਭਗ ਦੋ ਸਾਲ ਪਹਿਲਾਂ ਗਿਆਨੀ ਕੇਵਲ ਸਿੰਘ ਜੀ, ਜਥੇਦਾਰ ਤਖ਼ਤ, ਸ੍ਰੀ ਦਮਦਮਾ ਸਾਹਿਬ, ਸ਼੍ਰੋਮਣੀ ਕਮੇਟੀ ਦੇ ਕੁਝ ਹੋਰ ਬੰਦਿਆਂ ਦੇ ਨਾਲ ਨਵੀਂ ਭਰਤੀ ਦੀ ਇੰਟਰਵਿਊ ਲੈਣ ਲਈ ਹਾਪੁੜ ਮਿਸ਼ਨ ਗਏ ਸਨ। ਪਤਾ ਲੱਗਾ ਸੀ ਤਕਰੀਬਨ 50 ਨਵੇਂ ਬੰਦੇ ਭਰਤੀ ਕੀਤੇ ਜਾਣਗੇ। ਇੰਟਰਵਿਊ ਹੋਈਆਂ ਪ੍ਰੰਤੂ ਭਰਤੀ ਨਹੀਂ ਹੋਈ ਬਾਅਦ ਵਿੱਚ ਸੁਨਣ ਵਿੱਚ ਆਇਆ ਸੀ ਕਿ ਗਿਆਨੀ ਜੀ ਨੇ ਜੋ ਬੰਦੇ ਸਲੈਕਟ ਕੀਤੇ ਸਨ ਉਹਨਾਂ ਨੂੰ ਦਿੱਲੀ ਦੇ ਮੂਲ ਨਿਵਾਸੀ, ਯੂ ਪੀ ਤੋਂ ਨਾਮਜਦ ਐਸ ਜੀ ਪੀ ਸੀ ਮੈਂਬਰ, ਸਰਦਾਰ ਜਸਵਿੰਦਰ ਸਿੰਘ ਜੀ ਜੋ ਕਿ ਅਸਲ ਵਿੱਚ ਨਾਮਧਾਰੀ ਸੰਪਰਦਾਇ ਵਿੱਚੋਂ ਹਨ, ਜੋ ਬਾਦਲ ਸਾਹਿਬ ਦੀ ਮਿਹਰਬਾਨੀ ਸਦਕਾ ਮੈਂਬਰ ਬਣੇ ਸਨ, ਉਹਨਾਂ ਨੇ ਇਹ ਭਰਤੀ ਨਹੀਂ ਹੋਣ ਦਿੱਤੀ ਅਤੇ ਗੁਰੂ ਜੀ ਦੇ ਕਾਰਜ ਉਥੇ ਦੇ ਉਥੇ ਹੀ ਖੜੇ ਹਨ। ਪ੍ਰਚਾਰ ਨਾ ਮਾਤਰ ਦਾ ਰਹਿ ਗਿਆ ਹੈ। ਇਹੋ ਜਿਹੀ ਹਾਲਤ ਤੇ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ। ਜੋ ਕਾਰਨ ਰਹੇ ਹਨ ਉਨਾਂ ਨੂੰ ਸਮਝ ਕੇ ਜਿਨ੍ਹਾਂ ਕਰਕੇ ਸਾਡਾ ਧਰਮ ਦਾ ਪ੍ਰਚਾਰ ਦਿਨੋਂ ਦਿਨ ਘਟਦਾ ਜਾ ਰਿਹਾ ਹੈ, ਉਹਨਾਂ ਕਾਰਨਾਂ ਨੂੰ ਦੂਰ ਕਰਨ ਦੇ ਕਦਮ ਚੁੱਕੇ ਜਾਣੇ ਚਾਹੀਦੇ ਹਨ।

¤